COVID-19

# ਕੋਵਿਡ-19

**ਸਿਟੀ ਅਪਡੇਟ ਦਾ ਨਵਾਂ ਸਾਰ**
**ਮਈ 20- ਜੂਨ 1, 2020**

**ਨਸਲਵਾਦ ਖਿਲਾਫ ਕਾਰਵਾਈ ਦਾ ਦਿਨ**
ਏਸ਼ਿਅਨ ਲੋਕਾ ਵੱਲ ਵਿਰੋਧੀ ਨਫ਼ਰਤ ਦੇ ਵੱਧ ਰਹੇ ਅਪਰਾਧਾਂ ਦੇ ਮੱਦੇਨਜ਼ਰ, ਸਿਟੀ ਨੇ ਇਹ ਮਜ਼ਬੂਤੀ ਦਿੱਤੀ ਹੈ ਕਿ ਕਿਸੇ ਵੀ ਨਸਲਵਾਦ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। **ਮੇਅਰ ਕੈਨੇਡੀ ਸਟੀਵਰਟ** ਨੇ ਇੱਕ ਬਹੁਭਾਸ਼ਾਈ ਘੋਸ਼ਣਾ ਪੱਤਰ ਜਾਰੀ ਕਰਦਿਆਂ 29 ਮਈ ਨੂੰ ਨਸਲਵਾਦ ਵਿਰੁੱਧ ਕਾਰਵਾਈ ਦਾ ਦਿਨ ਐਲਾਨਿਆ। ਤੁਸੀਂ ਸਾਡੇ ਸਰੋਤਾਂ ਨੂੰ, ਜਿਨ੍ਹਾਂ ਦਾ ਕਈ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ, ਡਾਊਨਲੋਡ ਕਰਕੇ ਅਤੇ ਸਾਂਝਾ ਕਰਕੇ ਨਸਲਵਾਦ ਨੂੰ ਸੰਬੋਧਿਤ ਕਰਨ ਲਈ ਆਪਣਾ ਸਮਰਥਨ ਦਰਸਾ ਸਕਦੇ ਹੋ ।

**ਬਹੁ-ਭਾਸ਼ਾਈ ਵੈਬ ਪੇਜ**
ਕੋਵਿਡ-19 ਦੇ ਜਵਾਬ ਅਤੇ ਰਿਕਵਰੀ ਦੀ ਜਾਣਕਾਰੀ ਅਤੇ ਸਰੋਤ ਪ੍ਰਦਾਨ ਲਈ ਸਾਡੇ ਕੋਲ ਚੀਨੀ, ਪੰਜਾਬੀ ਅਤੇ ਤਾਗਾਲੋਗ ਦੇ ਵੈਬ ਪੰਨਿਆਂ ਦੇ ਨਾਲ-ਨਾਲ, ਹੁਣ ਵੀਅਤਨਾਮੀ ਅਤੇ ਫਾਰਸੀ ਵਿੱਚ ਵੀ ਨਵੇਂ ਵੈਬ ਪੇਜ ਉਪਲਬਦ ਹਨ।

**ਟੈਕਸ ਰੀਮਾਈਂਡਰਜ਼**
ਮਹਾਂਮਾਰੀ ਦੇ ਕਾਰਨ ਵਿੱਤੀ ਤੰਗੀ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਸਹਾਇਤਾ ਲਈ ਜਾਇਦਾਦ ਟੈਕਸ ਅਦਾ ਕਰਨ ਦੀ ਆਖਰੀ ਮਿਤੀ (3 ਜੁਲਾਈ ਤੋਂ ਹਟਾ ਕੇ) ਹੁਣ 30 ਸਤੰਬਰ, 2020 ਤੱਕ ਵਧਾ ਦਿੱਤੀ ਗਈ ਹੈ। ਕੌਂਸਲ ਨੇ ਸਾਲ 2017 ਅਤੇ 2018 ਲਈ ਖਾਲੀ ਘਰਾਂ ਦੇ ਟੈਕਸ ਘੋਸ਼ਣਾਵਾਂ ਲਈ 31 ਦਸੰਬਰ, 2020 ਤੱਕ ਇੱਕ ਵਾਰ ਦੀ ਮਿਆਦ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।

## #RestartSmartVancouver

**ਸਮਾਰਟ ਵੈਨਕੂਵਰ ਨੂੰ ਮੁੜ ਚਾਲੂ ਕਰੋ**

ਵੈਨਕੂਵਰਾਈਟਸ ਨੇ ਆਪਣੇ ਘਰਾਂ ਦੇ ਨਜ਼ਦੀਕ ਰਹਿ ਕੇ ਸਾਡੇ ਸਥਾਨਕ ਕਮਿਉਨਟਿਆ ਵਿੱਚ ਕੋਵਿਡ -19 ਦੇ ਫੈਲਾਵ ਨੂੰ ਘਟਾਉਣ ਵਿੱਚ ਸਹਾਇਤਾ ਕੀਤੀ ਹੈ। ਜਿਥੇ ਅਸੀਂ ਸਮਾਰਟ ਵੈਨਕੂਵਰ ਨੂੰ ਮੁੜ ਚਾਲੂ ਕਰਨ ਲਈ ਬੜੇ ਧਿਆਨ ਨਾਲ, ਪੜਾਅਵਾਰ ਪਹੁੰਚ ਨੂੰ ਅਰੰਭ ਕਰ ਰਹੇ ਹਾਂ, ਉਥੇ ਅਸੀਂ ਵਸਨੀਕਾਂ ਨੂੰ ਇਕ ਦੂਜੇ ਨੂੰ ਸੁਰੱਖਿਅਤ ਜਾਰੀ ਰੱਖਣ ਲਈ ਵੀ ਕਹਿ ਰਹੇ ਹਾਂ:

- ਮਜ਼ਬੂਤ ਬਣੇ ਰਹੋ - 2 ਮੀਟਰ ਦੀ ਦੂਰੀ ਰੱਖੋ, ਵੱਡੇ ਇਕੱਠਾਂ ਵਿੱਚ ਸ਼ਾਮਲ ਨਾ ਹੋਵੋ ਅਤੇ ਜੇ ਤੁਸੀਂ ਠੀਕ ਨਹੀਂ ਹੋ ਤਾਂ ਘਰ ਹੀ ਰਹੋ
- ਸਥਾਨਕ ਰਹੋ - ਸਥਾਨਕ ਕਾਰੋਬਾਰਾਂ ਅਤੇ ਆਪਣੇ ਨੇਬਰਹੁਡਾਂ ਦਾ ਸਮਰਥਨ ਕਰੋ

ਸਿਟੀ ਦਾ ਇੱਕ ਵੈਬ ਪੇਜ ਦੇਖੋ ਜੋ ਸਿਟੀ ਅਤੇ ਪਾਰਕ ਦੀਆਂ ਸਹੂਲਤਾਂ ਅਤੇ ਸੇਵਾਵਾਂ ਦੀ ਸਥਿਤੀ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਜਦੋਂ ਅਸੀਂ ਇਨਾਂ ਸਮਿਆਂ ਤੋਂ ਗੁਜ਼ਰ ਰਹੇ ਹਾਂ, ਅਸੀ ਤੁਹਾਡੇ ਸਹਿਯੋਗ ਲਈ ਧੰਨਵਾਦੀ ਹਾਂ।

## ਕਾਰੋਬਾਰ ਸਹਾਇਤਾ

### ਪੈਟੀਓ ਪਰਮਿਟ

ਰਿਕਵਰੀ ਦੇ ਯਤਨਾਂ ਦੌਰਾਨ ਕਾਰੋਬਾਰਾਂ ਦਾ ਸਮਰਥਨ ਕਰਨ ਅਤੇ ਸਰੀਰਕ ਦੂਰੀਆਂ ਲਈ ਵਧੇਰੇ ਜਗ੍ਹਾ ਪੈਦਾ ਕਰਨ ਲਈ, ਸਿਟੀ ਨੇ ਆਰਜ਼ੀ ਐਕਸਪੀਡਾਇਟਿਡ ਪੈਟਿਓ ਪ੍ਰੋਗਰਾਮ ਸ਼ੁਰੂ ਕੀਤਾ ਹੈ, ਜੋ ਵਾਪਾਰਾ ਨੂੰ ਆਪਣੇ ਰੈਸਟੋਰੈਂਟਾਂ ਅਤੇ ਬਾਰਾਂ ਦੀ ਗਲੀ ਅਤੇ ਫੁੱਟਪਾਥ ਵਾਲੀ ਜਗ੍ਹਾ ਦੀ ਵਰਤੋਂ ਕਰਕੇ ਮੁਫਤ ਪੈਟੀਓ ਸਥਾਪਤ ਕਰਨ ਦੀ ਆਗਿਆ ਦਿੰਦਾ ਹੈ। ਹੁਣ ਤੋਂ ਅਤੇ 31 ਅਕਤੂਬਰ, 2020 ਦੇ ਵਿਚਕਾਰ, ਕਾਰੋਬਾਰ ਤੇ ਅਸਥਾਈ ਪੈਟੀਓ ਪਰਮਿਟ ਲਈ ਆਨਲਾਈਨ ਅਰਜ਼ੀ vancouver.ca/temporary-patio ਤੇ ਦੇ ਸਕਦੇ ਹਨ। ਜੇ ਤੁਸੀਂ ਜ਼ਰੂਰਤਾਂ ਪੂਰੀਆਂ ਕਰਦੇ ਹੋ, ਤਾਂ ਤੁਸੀਂ ਇੱਕ ਪੂਰੀ ਅਰਜ਼ੀ ਜਮ੍ਹਾ ਕਰਨ ਦੇ ਦੋ ਕਾਰੋਬਾਰੀ ਦਿਨਾਂ ਦੇ ਅੰਦਰ ਅੰਦਰ ਪਰਮਿਟ ਪ੍ਰਾਪਤ ਕਰ ਸਕਦੇ ਹੋ।

### ਹੌਲੀ ਚੱਲਣ ਵਾਲੀਆ ਸਟ੍ਰੀਟਸ

ਸਿਟੀ ਪੈਟੀਓਜ਼, ਕਾਰੋਬਾਰਾਂ ਤੋਂ ਬਾਹਰ ਲਾਈਨਅਪ, ਸੈਰ ਅਤੇ ਸਾਈਕਲਿੰਗ ਲਈ ਵਧੇਰੇ ਜਗ੍ਹਾ ਬਣਾਉਣ ਲਈ 50 ਕਿਲੋਮੀਟਰ ਹੌਲੀ ਚੱਲਣ ਵਾਲੀ ਗਲੀਆਂ ਦੀ ਸ਼ੁਰੂਆਤ ਕਰ ਰਿਹਾ ਹੈ।

### ਧਿਆਨ ਨਾਲ ਖੋਲ੍ਹੋ

ਅਸੀਂ ਵੈਨਕੂਵਰ ਦੇ ਬਿਜ਼ਨਸ ਇੰਪਰੂਵਮੈਂਟ ਐਸੋਸੀਏਸ਼ਨਾਂ ਨਾਲ਼ ਉਨ੍ਹਾਂ ਦੀ ਉਪਨ ਵਿਦ ਕੇਅਰ ਮਹਿੰਮ ਵਿੱਚ ਬਹੁ-ਭਾਸ਼ਾਈ ਸਮੱਗਰੀ ਮੁਹੱਈਆ ਕਰਾਉਣ ਲਈ ਸਾਂਝੇਦਾਰੀ ਕਰ ਰਹੇ ਹਾਂ ਜਿਸਦੀ ਵਰਤੋਂ ਕਰਕੇ ਕਾਰੋਬਾਰ ਸਥਾਨਕ ਤੌਰ' ਤੇ ਖਰੀਦਦਾਰੀ ਨੂੰ ਉਤਸ਼ਾਹਤ ਕਰਨ ਸਕਣ ਅਤੇ ਗਾਹਕਾਂ ਨੂੰ ਉਨ੍ਹਾਂ ਦੀਆਂ ਦੁਕਾਨਾਂ, ਰੈਸਟੋਰੈਂਟਾਂ ਅਤੇ ਹੋਰ ਕਾਰੋਬਾਰਾਂ ਨੂੰ ਸੁਰੱਖਿਅਤ ਰਖਣ ਵਾਲੇ ਪ੍ਰੋਟੋਕੋਲ ਜਾਣਨ ਵਿੱਚ ਸਹਾਇਤਾ ਕਰ ਸਕਣ।

### ਡਵੈਲਪਮੈਂਟ ਅਤੇ ਪਰਮਿਟ ਪ੍ਰਕਿਰਿਆਵਾਂ

ਵਿਅਕਤੀਗਤ ਮੁਲਾਕਾਤਾਂ ਅਤੇ ਸਮੀਖਿਆਵਾਂ ਦੀ ਜ਼ਰੂਰਤ ਨੂੰ ਘਟਾਉਣ ਲਈ, ਡਵੈਲਪਮੈਂਟ ਅਤੇ ਪਰਮਿਟ ਪ੍ਰਕਿਰਿਆਵਾਂ ਆਨਲਾਈਨ ਉਪਲਬਧ ਹਨ, ਜਿਸ ਵਿੱਚ ਪਰਮਿਟ ਅਰਜ਼ੀਆਂ, ਨਿਰੀਖਣ, ਆਨਲਾਈਨ ਚੈਟ ਅਤੇ ਹੋਰ ਬਹੁਤ ਕੁਝ ਸ਼ਾਮਲ ਹਨ।

### ਕਮਿਉਨਟੀ ਸਪੋਰਟ

ਕੋਵਿਡ-19 ਦੇ ਜਵਾਬ ਵਿੱਚ ਗੈਰ-ਮੁਨਾਫਾ ਸੰਗਠਨਾਂ ਦੇ ਇੱਕ ਨੈਟਵਰਕ ਨੇ ਭਾਸ਼ਾ, ਸਾਖਰਤਾ, ਵਿੱਤ, ਅਤੇ ਹੋਰ ਬਹੁਤ ਸਾਰੇ ਮਹੱਤਵਪੂਰਣ ਖੇਤਰਾਂ ਵਿੱਚ ਨਵੇਂ ਆਉਣ ਵਾਲਿਆਂ ਨੂੰ ਸਹਾਇਤਾ ਅਤੇ ਪਹੰਚਯੋਗਤਾ ਲਈ ਸੇਵਾਵਾਂ ਨੂੰ ਆਨਲਾਈਨ ਉਪਲਬਧ ਕੀਤਾ ਹੈ।

ਡ੍ਰੈਗਨ ਬੋਟ ਬੀ.ਸੀ. ਨੇ ਇਸ ਸਾਲ ਉਨ੍ਹਾਂ ਦੇ ਇਵੈਂਟ ਨੂੰ ਰੱਦ ਹੋਣ ਦੀ ਹਾਲਤ ਨੂੰ ਇੱਕ ਮੌਕੇ ਵਿੱਚ ਬਦਲ ਦਿੱਤਾ ਹੈ, ਜਿਸ ਵਿੱਚ ਡਾਨਟਾਉਨ ਈਸਟਸਾਈਡ ਸਪਲਾਈ ਹੱਬ ਦੇ ਨਾਲ ਸਾਂਝੇਦਾਰੀ ਕਰਕੇ, ਅਨਵਰਤੀ ਸਪਲਾਈ ਨੂੰ ਦੁਬਾਰਾ ਇਸਤਮਾਲ ਅਤੇ ਵੰਡਣ, ਸਮੇਤ ਟੀ-ਸ਼ਰਟਾਂ ਨੂੰ ਮਖੌਟਆਂ ਵਿੱਚ ਬਦਲਣਾ ਸ਼ਾਮਲ ਹੈ।

## ਪਾਰਕ ਅਤੇ ਰੀਕ੍ਰਿਏਸ਼ਨ

29 ਮਈ ਨੂੰ ਸ਼ਹਿਰ ਭਰ ਵਿਚ 320 ਤੋਂ ਵੱਧ ਬਾਹਰੀ ਮਨੋਰੰਜਨ ਸਹੂਲਤਾਂ ਦਬਾਰਾ ਖੱਲ੍ਹੀਆਂ ਗਈਆਂ ਹਨ, ਸਮੇਤ ਸਕੇਟ ਪਾਰਕਸ, ਸਿੰਥੈਟਿਕ ਸਪੋਰਟਸ ਫੀਲਡ, ਬਾਸਕਟਬਾਲ ਅਤੇ ਵਾਲੀਬਾਲ ਕੋਰਟਸ, ਡਿਸਕ ਗੋਲਫ, ਰੋਲਰ ਹਾਕੀ, ਮਲਟੀਸਪੋਰਟ ਕੋਰਟ ਅਤੇ 166 ਖੇਡ ਮੈਦਾਨ।

ਵੈਨਕੂਵਰ ਪਾਰਕਾਂ ਅਤੇ ਸਮੰਦਰੀ ਕੰਡਿਆਂ 'ਤੇ ਪਾਰਕਿੰਗ ਲਾਟ 24 ਮਈ ਨੂੰ ਦੁਬਾਰਾ ਖੋਲ੍ਹ ਦਿੱਤੇ ਗਏ ਹਨ। ਪੇਯ ਪਾਰਕਿੰਗ ਅਤੇ ਇਨਫੋਰਸਮੈਂਟ ਲਾਗੂ ਹੋਏਗਾ ਅਤੇ ਸੈਲਾਨੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਮੁੰਦਰੀ ਕੰਡੇ ਅਤੇ ਪਾਰਕਾਂ ਦਾ ਦੌਰਾ ਕਰਨ ਵੇਲੇ ਘੱਟੋ ਘੱਟ ਦੋ ਮੀਟਰ ਦੂਜਿਆਂ ਤੋਂ ਸੁਰੱਖਿਅਤ ਦੂਰੀ ਬਣਾ ਕੇ ਰੱਖਣ।

**ਨਵੀਂਆਂ ਗਤਿਵਿਧਿਆਂ ਵਜੋਂ ਅਪਡੇਟਡਿ ਰਹੋ**
ਸਾਨੂੰ ਕਦਰ ਹੈ ਕਿ ਸੱਭ ਪਾਸਿਓਂ ਬਹੁਤ ਸਾਰੀ ਜਾਣਕਾਰੀ ਵੰਡੀ ਜਾ ਰਹੀ ਹੈ ਅਤੇ ਬਹੁਤ ਸਾਰੀ ਜਾਣਕਾਰੀ ਪ੍ਰਮਾਣਤ ਸਰੋਂਤ ਤੌਂ ਨਹੀਂ ਆ ਰਹੀ ਹੈ।ਸਾਡੇ ਸਾਰੇ ਅਪਡੇਟ ਤੁਸੀ ਸਾਡੀਆਂ ਖਬਰਾਂ ਜੌਂਕਿ ਸਾਡੀ ਵੈਬਸਾਇਟਸ ਓਤੇ ਹਨ, ਅਤੇ ਸਾਡੇ ਪ੍ਰਮਾਨਿਤ ਸੌਸ਼ਲ ਫੀਡ ਦੇ ਜਰਿਐ ਤੁਸੀ ਦੇਖ ਸਕਦੇ ਹੌਂ।

ਕਿਰਪਾ ਕਰਕੇ ਹੋਰਾਂ ਨਾਲ ਸ਼ੇਅਰ ਕਰੌਂ, ਅਤੇ ਓਹ ਇਥੇ ਅਪਡੇਟਸ ਲਈ ਸਾਨਿਏ ਕਰ ਸਕਦੇ ਹਨ।
ਵੇਬਸਾਇਟ: vancouver.ca
ਕਾਮੇਂਟਸ ਇਥੇ ਭੇਜੋ
ਸਾਨੂੰ ਕਾਲ ਕਰੋ: ਕੌਂਵਿਡ-19 ਬਾਰੇ ਸਿਟੀ ਦਾ ਜੁਆਬ ਜਾਣਣ ਲਈ ਐਮਰਜੇਂਸੀ ਤੌਂ ਬਗੈਰ ਮਸਲਿਆ ਲਈ 3-1-1 ਨੂੰ ਕਾਲ ਕਰੋ
ਭਾਸ਼ਾ ਵਿਆਖਿਆ ਕਈ ਜੁਬਾਨਾਂ ਵਿੱਚ ਓਪਲਬਦ ਹੈ।